ਮਿੱਠੇ ਬੱਚੇ:- "ਮਿੱਠੇ ਬੱਚੇ ਅੰਤਰਮੁੱਖੀ ਬਣੋ ਮਤਲਬ ਚੁੱਪ ਰਹੋ, ਮੂੰਹ ਨਾਲ ਕੁੱਝ ਵੀ ਬੋਲੋ ਨਹੀਂ, ਹਰ ਕੰਮ ਸ਼ਾਂਤੀ ਨਾਲ ਕਰੋ, ਕਦੇ ਵੀ ਅਸ਼ਾਂਤੀ ਨਹੀਂ ਫੈਲਾਓ"

ਪ੍ਰਸ਼ਨ:- ਤੁਹਾਨੂੰ ਬੱਚਿਆਂ ਨੂੰ ਕੰਗਾਲ ਬਣਾਉਣ ਵਾਲਾ ਸਭ ਤੋਂ ਵੱਡਾ ਦੁਸ਼ਮਣ ਕੋਣ ਹੈ?

ਉੱਤਰ:- ਕ੍ਰੋਧ। ਕਿਹਾ ਜਾਂਦਾ ਹੈ ਜਿੱਥੇ ਕ੍ਰੋਧ ਹੈ ਉੱਥੇ ਪਾਣੀ ਦੇ ਮਟਕੇ ਵੀ ਸੁੱਕ ਜਾਂਦੇ ਹਨ। ਭਾਰਤ ਦਾ ਮਟਕਾ ਜੋ ਹੀਰੇ-ਜਵਾਹਰਾਂ ਨਾਲ ਭਰਿਆ ਹੋਇਆ ਸੀ, ਉਹ ਇਸ ਭੂਤ ਦੀ ਵਜ੍ਹਾ ਨਾਲ ਖ਼ਾਲੀ ਹੋ ਗਿਆ ਹੈ। ਇਨ੍ਹਾਂ ਭੂਤਾਂ ਨੇ ਹੀ ਤੁਹਾਨੂੰ ਕੰਗਾਲ ਬਣਾਇਆ ਹੈ। ਕ੍ਰੋਧੀ ਮਨੁੱਖ ਆਪ ਵੀ ਤਪਦਾ ਹੈ, ਦੂਸਰਿਆਂ ਨੂੰ ਵੀ ਤਪਾਉਂਦਾ ਹੈ ਇਸਲਈ ਹੁਣ ਇਸ ਭੂਤ ਨੂੰ ਅੰਤਰਮੁੱਖੀ ਹੋਕੇ ਕੱਢੋ।

ਓਮ ਸ਼ਾਂਤੀ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ - ਮਿੱਠੇ ਬੱਚੇ, ਅੰਤਰਮੁੱਖੀ ਬਣੋ। ਅੰਤਰਮੁਖਤਾ ਮਤਲਬ ਕੁਝ ਵੀ ਨਾ ਬੋਲੋ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਇਹ ਬਾਪ ਬੈਠ ਸਿੱਖਿਆ ਦਿੰਦੇ ਹਨ ਬੱਚਿਆਂ ਨੂੰ। ਹੋਰ ਕੁੱਝ ਬੋਲਣ ਦਾ ਇਸ ਵਿੱਚ ਹੈ ਨਹੀਂ। ਸਿਰਫ਼ ਸਮਝਾਉਣੀ ਦਿੱਤੀ ਜਾਂਦੀ ਹੈ। ਗ੍ਰਹਿਸਤ ਵਿਵਹਾਰ ਵਿੱਚ ਇਵੇਂ ਰਹਿਣਾ ਹੈ। ਇਹ ਹੈ ਮਨਮਨਾਭਵ। ਮੈਨੂੰ ਯਾਦ ਕਰੋ, ਇਹ ਹੈ ਪਹਿਲੀ ਮੁੱਖ ਗੱਲ। ਤੁਹਾਨੂੰ ਬੱਚਿਆਂ ਨੂੰ ਘਰ ਵਿੱਚ ਕ੍ਰੋਧ ਵੀ ਨਹੀਂ ਕਰਨਾ ਚਾਹੀਦਾ। ਕ੍ਰੋਧ ਇਵੇਂ ਹੈ ਜੋ ਪਾਣੀ ਦਾ ਮਟਕਾ ਵੀ ਸੁਕਾ ਦੇਵੇ। ਕ੍ਰੋਧੀ ਮਨੁੱਖ ਅਸ਼ਾਂਤੀ ਫੈਲਾਉਂਦਾ ਹੈ ਇਸਲਈ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਸ਼ਾਂਤੀ ਵਿੱਚ ਰਹਿਣਾ ਹੈ। ਭੋਜਣ ਖਾਕੇ ਆਪਣੇ ਧੰਧੇ ਅਥਵਾ ਦਫ਼ਤਰ ਆਦਿ ਵਿੱਚ ਚਲੇ ਜਾਣਾ, ਉੱਥੇ ਵੀ ਸਾਈਲੈਂਸ ਵਿੱਚ ਰਹਿਣਾ ਚੰਗਾ ਹੈ। ਸਾਰੇ ਕਹਿੰਦੇ ਹਨ ਸਾਨੂੰ ਸ਼ਾਂਤੀ ਚਾਹੀਦੀ ਹੈ। ਇਹ ਤਾਂ ਬੱਚਿਆਂ ਨੂੰ ਦੱਸਿਆ ਹੈ ਕਿ ਸ਼ਾਂਤੀ ਦਾ ਸਾਗਰ ਇੱਕ ਬਾਪ ਹੀ ਹੈ। ਬਾਪ ਹੀ ਡਾਇਰੈਕਸ਼ਨ ਦਿੰਦੇ ਹਨ ਮੈਨੂੰ ਯਾਦ ਕਰੋ। ਇਸ ਵਿੱਚ ਬੋਲਣਾ ਕੁੱਝ ਵੀ ਨਹੀਂ ਹੈ ਅੰਤਰਮੁੱਖੀ ਹੋ ਰਹਿਣਾ ਹੈ। ਦਫਤਰ ਆਦਿ ਵਿੱਚ ਆਪਣਾ ਕੰਮ ਵੀ ਕਰਨਾ ਤਾਂ ਇਸ ਵਿੱਚ ਜ਼ਿਆਦਾ ਬੋਲਣਾ ਨਹੀਂ ਹੁੰਦਾ, ਬਿਲਕੁੱਲ ਮਿੱਠਾ ਬਣਨਾ ਹੈ। ਕੋਈ ਨੂੰ ਦੁੱਖ ਨਹੀਂ ਦੇਣਾ ਚਾਹੀਦਾ। ਲੜਾਈ ਆਦਿ ਕਰਨਾ ਇਹ ਸਭ ਕ੍ਰੋਧ ਹੈ, ਸਭਤੋਂ ਵੱਡਾ ਦੁਸ਼ਮਨ ਹੈ ਕਾਮ। ਫ਼ਿਰ ਦੂਸਰਾ ਨੰਬਰ ਹੈ ਕ੍ਰੋਧ। ਇੱਕ ਦੂਜੇ ਨੂੰ ਦੁੱਖ ਪਹੁੰਚਾਉਂਦੇ ਰਹਿੰਦੇ ਹਨ। ਕ੍ਰੋਧ ਨਾਲ ਕਿੰਨੀ ਲੜਾਈ ਹੋ ਜਾਂਦੀ ਹੈ। ਬੱਚੇ ਜਾਣਦੇ ਹਨ ਸਤਿਯੁੱਗ ਵਿੱਚ ਲੜਾਈ ਹੁੰਦੀ ਨਹੀਂ। ਉਹ ਹੈ ਰਾਵਣਪਨ ਦੀ ਨਿਸ਼ਾਨੀ। ਕ੍ਰੋਧ ਵਾਲੇ ਨੂੰ ਵੀ ਆਸੁਰੀ ਸੰਪਰਦਾਏ ਕਿਹਾ ਜਾਂਦਾ ਹੈ। ਭੂਤ ਦੀ ਪ੍ਰਵੇਸ਼ਤਾ ਹੈ ਨਾ। ਇਸ ਵਿੱਚ ਬੋਲਣਾ ਕੁੱਝ ਵੀ ਨਹੀਂ ਹੈ ਕਿਉਂਕਿ ਉਨ੍ਹਾਂ ਮਨੁੱਖਾਂ ਨੂੰ ਤਾਂ ਗਿਆਨ ਹੈ ਨਹੀਂ। ਉਹ ਤਾਂ ਕ੍ਰੋਧ ਕਰਨਗੇ, ਕ੍ਰੋਧ ਵਾਲੇ ਨਾਲ ਕ੍ਰੋਧ ਕਰਨ ਨਾਲ ਲੜਾਈ ਲਗ ਜਾਂਦੀ ਹੈ। ਬਾਪ ਸਮਝਾਉਂਦੇ ਹਨ - ਇਹ ਬੜਾ ਸਖ਼ਤ ਭੂਤ ਹੈ, ਇਸ ਨੂੰ ਯੁਕਤੀ ਨਾਲ ਭਜਾਉਣ ਚਾਹੀਦਾ ਹੈ। ਮੂੰਹੋਂ ਕੋਈ ਕੌੜੇ ਸ਼ਬਦ ਨਹੀਂ ਕੱਢਣੇ ਚਾਹੀਦੇ। ਇਹ ਬਹੁਤ ਨੁਕਸਾਨਕਾਰਕ ਹਨ। ਵਿਨਾਸ਼ ਵੀ ਕ੍ਰੋਧ ਨਾਲ ਹੀ ਹੁੰਦਾ ਹੈ ਨਾ। ਘਰ - ਘਰ ਵਿੱਚ ਜਿੱਥੇ ਕ੍ਰੋਧ ਹੁੰਦਾ ਹੈ ਉੱਥੇ ਅਸ਼ਾਂਤੀ ਬਹੁਤ ਰਹਿੰਦੀ ਹੈ। ਕ੍ਰੋਧ ਕੀਤਾ ਤਾਂ ਤੁਸੀਂ ਬਾਪ ਦਾ ਨਾਮ ਬਹੁਤ ਬਦਨਾਮ ਕਰੋਗੇ। ਇਨ੍ਹਾਂ ਭੂਤਾਂ ਨੂੰ ਭਜਾਉਣਾ ਹੈ। ਇੱਕ ਵਾਰ ਭਜਾਇਆ ਤਾਂ ਫ਼ਿਰ ਅੱਧਾ ਕਲਪ ਦੇ ਲਈ ਇਹ ਭੂਤ ਹੋਣਗੇ ਹੀ ਨਹੀਂ। ਇਹ 5 ਵਿਕਾਰ ਹਾਲੇ ਫੁੱਲ ਫ਼ੋਰਸ ਵਿੱਚ ਹਨ। ਇਸ ਸਮੇਂ ਹੀ ਬਾਪ ਆਉਂਦੇ ਹਨ, ਜਦੋਂ ਕਿ ਵਿਕਾਰ ਫੁੱਲ ਫ਼ੋਰਸ ਵਿੱਚ ਹਨ। ਇਹ ਅੱਖਾਂ ਬੜੀਆਂ ਕ੍ਰਿਮੀਨਲ ਹਨ। ਮੂੰਹ ਵੀ ਕ੍ਰਿਮੀਨਲ ਹੈ। ਜ਼ੋਰ ਨਾਲ ਬੋਲਣ ਨਾਲ ਮਨੁੱਖ ਤਪ ਜਾਂਦਾ ਹੈ ਅਤੇ ਘਰ ਨੂੰ ਵੀ ਤਪਾ ਦਿੰਦੇ ਹਨ। ਕਾਮ ਅਤੇ ਕ੍ਰੋਧ ਇਹ ਦੋਵੇਂ ਵੱਡੇ ਦੁਸ਼ਮਣ ਹਨ। ਕ੍ਰੋਧ ਵਾਲੇ ਯਾਦ ਨਹੀਂ ਕਰ ਸਕਦੇ। ਯਾਦ ਕਰਨ ਵਾਲੇ ਸਦਾ ਸ਼ਾਂਤੀ ਵਿੱਚ ਰਹਿਣਗੇ। ਆਪਣੇ ਦਿਲ ਤੋਂ ਪੁੱਛਣਾ ਹੈ - ਸਾਡੇ ਵਿੱਚ ਭੂਤ ਤਾਂ ਨਹੀਂ ਹਨ? ਮੋਹ ਦਾ ਵੀ ਲੋਭ ਦਾ ਵੀ ਭੂਤ ਹੁੰਦਾ ਹੈ। ਲੋਭ ਦਾ ਭੂਤ ਵੀ ਘੱਟ ਨਹੀਂ ਹੈ। ਇਹ ਸਭ ਭੂਤ ਹਨ ਕਿਉਂਕਿ ਰਾਵਣ ਸੈਨਾ ਹੈ।

ਬਾਪ ਬੱਚਿਆਂ ਨੂੰ ਯਾਦ ਦੀ ਯਾਤਰਾ ਸਿਖਾਉਂਦੇ ਹਨ। ਪ੍ਰੰਤੂ ਬੱਚੇ ਇਸ ਵਿੱਚ ਮੁੰਝਦੇ ਬਹੁਤ ਹਨ। ਸਮਝਦੇ ਨਹੀਂ ਹਨ ਕਿਉਂਕਿ ਭਗਤੀ ਬਹੁਤ ਕੀਤੀ ਹੈ ਨਾ। ਭਗਤੀ ਹੈ ਦੇਹ - ਅਭਿਮਾਨ। ਅੱਧਾਕਲਪ ਦੇਹ - ਅਭਿਮਾਨ ਰਿਹਾ ਹੈ। ਬਾਹਰਮੁਖਤਾ ਹੋਣ ਦੇ ਕਾਰਣ ਆਪਣੇ ਨੂੰ ਆਤਮਾ ਸਮਝ ਨਹੀਂ ਸਕਦੇ। ਬਾਪ ਜ਼ੋਰ ਲਗਾਂਉਂਦੇ ਹਨ - ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਪਰੰਤੂ ਆਉਂਦਾ ਹੀ ਨਹੀਂ। ਹੋਰ ਸਭ ਗੱਲਾਂ ਮੰਨਦੇ ਵੀ ਹਨ। ਫ਼ਿਰ ਕਹਿ ਦਿੰਦੇ ਯਾਦ ਕਿਵੇਂ ਕਰੀਏ, ਕੋਈ ਚੀਜ਼ ਤਾਂ ਵਿਖਾਈ ਨਹੀਂ ਦਿੰਦੀ। ਉਨ੍ਹਾਂ ਨੂੰ ਸਮਝਾਇਆ ਜਾਂਦਾ ਹੈ - ਤੁਸੀਂ ਆਪਣੇ ਨੂੰ ਆਤਮਾ ਸਮਝਦੇ ਹੋ। ਇਹ ਵੀ ਜਾਣਦੇ ਹੋ ਉਹ ਬੇਹੱਦ ਦਾ ਬਾਪ ਹੈ। ਮੂੰਹ ਨਾਲ ਸ਼ਿਵ - ਸ਼ਿਵ ਬੋਲਣਾ ਨਹੀਂ ਹੈ। ਅੰਦਰੋਂ ਜਾਣਦੇ ਹੋ ਨਾ ਮੈਂ ਆਤਮਾ ਹਾਂ। ਮਨੁੱਖ ਸ਼ਾਂਤੀ ਮੰਗਦੇ ਹਨ, ਸ਼ਾਂਤੀ ਦਾ ਸਾਗਰ ਇਹ ਪਰਮਾਤਮਾ ਹੀ ਹੈ। ਜਰੂਰ ਵਰਸਾ ਵੀ ਉਹ ਹੀ ਦੇਣਗੇ। ਹੁਣ ਬਾਪ ਸਮਝਾਉਂਦੇ ਹਨ ਮੈਨੂੰ ਯਾਦ ਕਰੋ ਤਾਂ ਸ਼ਾਂਤੀ ਹੋ ਜਾਵੇਗੀ। ਦੂਜਾ ਜਨਮ - ਜਨਮੰਤ੍ਰ ਦੇ ਵਿਕਰਮ ਵੀ ਵਿਨਾਸ਼ ਹੋਣਗੇ। ਬਾਕੀ ਕੋਈ ਚੀਜ਼ ਹੈ ਨਹੀਂ। ਕੋਈ ਇੰਨਾਂ ਵੱਡਾ ਲਿੰਗ ਨਹੀਂ। ਆਤਮਾ ਛੋਟੀ ਹੈ, ਬਾਪ ਵੀ ਛੋਟਾ ਹੈ। ਯਾਦ ਤਾਂ ਸਾਰੇ ਕਰਦੇ ਹਨ - ਹੇ ਭਗਵਾਨ, ਹੇ ਗੌਡ। ਕੌਣ ਕਹਿੰਦਾ ਹੈ ? ਆਤਮਾ ਕਹਿੰਦੀ ਹੈ - ਆਪਣੇ ਬਾਪ ਨੂੰ ਯਾਦ ਕਰਦੇ ਹਾਂ। ਤਾਂ ਬਾਪ ਬੱਚਿਆਂ ਨੂੰ ਕਹਿੰਦੇ ਹਨ ਮਨਮਨਾਭਵ। ਮਿੱਠੇ - ਮਿੱਠੇ ਬੱਚਿਓ ਅੰਤਰਮੁੱਖੀ ਹੋਕੇ ਰਹੋ। ਇਹ ਜੋ ਕੁੱਝ ਵੇਖਦੇ ਹੋ ਉਹ ਖ਼ਤਮ ਹੋ ਜਾਣਾ ਹੈ। ਬਾਕੀ ਆਤਮਾ ਸ਼ਾਂਤੀ ਵਿੱਚ ਰਹਿੰਦੀ ਹੈ। ਆਤਮਾ ਨੂੰ ਸ਼ਾਂਤੀਧਾਮ ਹੀ ਜਾਣਾ ਹੈ। ਜਦੋਂ ਤੱਕ ਆਤਮਾ ਪਵਿੱਤਰ ਨਹੀਂ ਬਣੀ ਹੈ ਉਦੋਂ ਤੱਕ ਸ਼ਾਂਤੀਧਾਮ ਵਿੱਚ ਜਾ

ਨਹੀਂ ਸਕਦੀ। ਰਿਸ਼ੀ ਮੁਨੀ ਆਦਿ ਸਭ ਕਹਿੰਦੇ ਹਨ ਸ਼ਾਂਤੀ ਕਿਵੇਂ ਮਿਲੇ। ਬਾਪ ਤਾਂ ਸਹਿਜ ਯੁਕਤੀ ਦਸਦੇ ਹਨ। ਪ੍ਰੰਤੂ ਬਹੁਤ ਬੱਚੇ ਹਨ ਜੋ ਸ਼ਾਂਤੀ ਵਿੱਚ ਨਹੀਂ ਰਹਿੰਦੇ ਹਨ। ਬਾਬਾ ਜਾਣਦੇ ਹਨ ਘਰਾਂ ਵਿੱਚ ਰਹਿੰਦੇ ਹਨ, ਬਿਲਕੁਲ ਸ਼ਾਂਤ ਨਹੀਂ ਰਹਿੰਦੇ। ਸੈਂਟਰ ਤੇ ਥੋੜ੍ਹਾ ਟਾਈਮ ਜਾਂਦੇ ਹਨ, ਅੰਦਰੋਂ ਸ਼ਾਂਤ ਹੋਕੇ ਬਾਪ ਨਾਲ ਗੱਲ ਕਰੀਏ, ਉਹ ਨਹੀਂ ਹੈ। ਸਾਰਾ ਦਿਨ ਘਰ ਵਿੱਚ ਹੰਗਾਮਾ ਕਰਦੇ ਰਹਿੰਦੇ ਹਨ, ਤਾਂ ਸੈਂਟਰ ਵਿੱਚ ਆਉਣ ਤੇ ਵੀ ਸ਼ਾਂਤੀ ਨਾਲ ਨਹੀਂ ਰਹਿ ਸਕਦੇ ਹਨ। ਕਿਸੇ ਦੀ ਦੇਹ ਨਾਲ ਪਿਆਰ ਹੋ ਗਿਆ ਤਾਂ ਉਨ੍ਹਾਂ ਦੇ ਮਨ ਨੂੰ ਵੀ ਕਦੇ ਸ਼ਾਂਤੀ ਹੋ ਨਾ ਸਕੇ। ਬਸ, ਉਸਦੀ ਹੀ ਯਾਦ ਆਉਂਦੀ ਰਹੇਗੀ। ਬਾਪ ਸਮਝਾਉਂਦੇ ਹਨ। ਮਨੁੱਖਾਂ ਵਿੱਚ ਹਨ 5 ਭੂਤ। ਕਹਿੰਦੇ ਹਨ ਨਾ ਇਨ੍ਹਾਂ ਵਿੱਚ ਭੂਤ ਦੀ ਪ੍ਰਵੇਸ਼ਤਾ ਹੈ। ਇੰਨਾਂ ਭੂਤਾਂ ਨੇ ਹੀ ਤੁਹਾਨੂੰ ਕੰਗਾਲ ਕੀਤਾ ਹੈ। ਉਹ ਤਾਂ ਕਰਕੇ ਇੱਕ ਭੂਤ ਹੁੰਦਾ, ਉਹ ਵੀ ਕਦੇ ਪ੍ਰਵੇਸ਼ ਕਰ ਲੈਂਦਾ ਹੈ। ਬਾਪ ਕਹਿੰਦੇ ਹਨ ਇਨ੍ਹਾਂ 5 ਭੂਤਾਂ ਦੀ ਹਰੇਕ ਵਿੱਚ ਪ੍ਰਵੇਸ਼ਤਾ ਹੈ। ਇਨ੍ਹਾਂ ਭੂਤਾਂ ਨੂੰ ਭਜਾਉਣ ਲਈ ਹੀ ਪੁਕਾਰਦੇ ਹਨ। ਬਾਬਾ ਆਕੇ ਸਾਨੂੰ ਸ਼ਾਂਤੀ ਦੇਵੋ, ਇਨ੍ਹਾਂ ਭੂਤਾਂ ਨੂੰ ਭਜਾਉਣ ਦਾ ਤਰੀਕਾ ਦੱਸੋ। ਇਹ ਭੂਤ ਤਾਂ ਸਾਰਿਆਂ ਵਿੱਚ ਹਨ। ਇਹ ਰਾਵਣ ਰਾਜ ਹੈ ਨਾ। ਸਭਤੋਂ ਸਖ਼ਤ ਭੂਤ ਹੈ ਕਾਮ ਕ੍ਰੋਧ। ਬਾਪ ਆਕੇ ਭੂਤਾਂ ਨੂੰ ਭਜਾਉਂਦੇ ਹਨ ਤਾਂ ਉਸਦੇ ਬਦਲੇ ਵਿੱਚ ਕੁਝ ਮਿਲਣਾ ਤੇ ਚਾਹੀਦਾ ਹੈ ਨਾ। ਉਹ ਭੂਤ ਪ੍ਰੇਤ ਭਜਾਉਂਦੇ ਹਨ, ਮਿਲਦਾ ਕੁੱਝ ਵੀ ਨਹੀਂ। ਇਹ ਤਾਂ ਬੱਚੇ ਜਾਣਦੇ ਬਾਪ ਆਉਂਦੇ ਹਨ ਸਾਰੇ ਵਿਸ਼ਵ ਵਿਚੋਂ ਭੂਤਾਂ ਨੂੰ ਭਜਾਉਣ। ਹੁਣ ਸਾਰੇ ਵਿਸ਼ਵ ਵਿੱਚ ਸਭ ਵਿੱਚ ਭੂਤਾਂ ਦੀ ਪ੍ਰਵੇਸ਼ਤਾ ਹੈ। ਦੇਵਤਾਵਾਂ ਵਿੱਚ ਕੋਈ ਭੂਤ ਨਹੀਂ ਹੁੰਦਾ, ਨਾ ਦੇਹ - ਅਭਿਮਾਨ ਦਾ, ਨਾ ਕ੍ਰੋਧ ਦਾ, ਲੋਭ ਦਾ, ਮੋਹ.... ਕੁੱਝ ਨਹੀਂ ਹੁੰਦਾ। ਲੋਭ ਦਾ ਭੂਤ ਵੀ ਘੱਟ ਨਹੀਂ ਹੈ। ਇਹ ਅੰਡਾ ਖਾਵਾਂ, ਉਹ ਖਾਵਾਂ ... ਬਹੁਤਿਆਂ ਵਿੱਚ ਭੂਤ ਰਹਿੰਦੇ ਹਨ। ਆਪਣੇ ਦਿਲ ਵਿੱਚ ਸਮਝਦੇ ਹਨ - ਬਰੋਬਰ ਸਾਡੇ ਵਿੱਚ ਕਾਮ ਦਾ ਭੂਤ ਹੈ, ਕ੍ਰੋਧ ਦਾ ਭੂਤ ਹੈ। ਤਾਂ ਇਨ੍ਹਾਂ ਭੂਤਾਂ ਨੂੰ ਕੱਢਣ ਦੇ ਲਈ ਬਾਪ ਕਿੰਨਾ ਮੱਥਾ ਮਾਰਦੇ ਹਨ। ਦੇਹ - ਅਭਿਮਾਨ ਵਿੱਚ ਆਉਣ ਨਾਲ ਦਿਲ ਕਰਦਾ ਹੈ ਭਾਕੀ ( ਜੱਫੀ ) ਪਾਵਾਂ, ਇਹ ਕਰਾਂ। ਫ਼ਿਰ ਕਮਾਈ ਸਾਰੀ ਚੱਟ ਹੋ ਜਾਂਦੀ ਹੈ। ਕ੍ਰੋਧ ਵਾਲੇ ਦੀ ਵੀ ਇਹ ਹਾਲ ਹੈ। ਕ੍ਰੋਧ ਵਿੱਚ ਆਕੇ ਬਾਪ ਬੱਚਿਆਂ ਨੂੰ ਮਾਰ ਦਿੰਦੇ ਹਨ, ਬੱਚੇ ਬਾਪ ਨੂੰ ਮਾਰ ਦਿੰਦੇ ਹਨ, ਇਸਤ੍ਰੀ ਪਤੀ ਨੂੰ ਮਾਰ ਦਿੰਦੀ ਹੈ। ਜੇਲ੍ਹ ਵਿੱਚ ਜਾਕੇ ਤੁਸੀਂ ਵੇਖੋ ਕਿਵੇਂ - ਕਿਵੇਂ ਦੇ ਕੇਸ ਹੁੰਦੇ ਹਨ। ਇਨ੍ਹਾਂ ਭੂਤਾਂ ਦੀ ਪ੍ਰਵੇਸ਼ਤਾ ਦੇ ਕਾਰਣ ਕੀ ਹਾਲ ਭਾਰਤ ਦਾ ਹੋ ਗਿਆ ਹੈ! ਭਾਰਤ ਦਾ ਜੋ ਵੱਡਾ ਮਟਕਾ ਸੀ ਜੋ ਸੋਨੇ - ਹੀਰਿਆਂ ਆਦਿ ਨਾਲ ਭਰਿਆ ਹੋਇਆ ਸੀ, ਉਹ ਹੁਣ ਖ਼ਾਲੀ ਹੋ ਗਿਆ ਹੈ। ਕ੍ਰੋਧ ਦੇ ਕਾਰਣ ਕਹਿੰਦੇ ਹਨ ਨਾ - ਪਾਣੀ ਦਾ ਮਟਕਾ ਵੀ ਸੁੱਕ ਜਾਂਦਾ ਹੈ। ਤਾਂ ਇਹ ਭਾਰਤ ਦਾ ਵੀ ਇਵੇਂ ਹੀ ਹਾਲ ਹੋ ਗਿਆ ਹੈ। ਇਹ ਵੀ ਕੋਈ ਨਹੀਂ ਜਾਣਦੇ ਹਨ। ਬਾਪ ਹੀ ਆਉਂਦੇ ਹਨ ਭੂਤਾਂ ਨੂੰ ਕੱਢਣ ਦੇ ਲਈ। ਜੋ ਹੋਰ ਕੋਈ ਵੀ ਮਨੁੱਖ ਮਾਤਰ ਨਹੀਂ ਕੱਢ ਸਕਦੇ। ਇਹ 5 ਭੂਤ ਬੜੇ ਜ਼ਬਰਦਸਤ ਹਨ। ਅੱਧਾਕਲਪ ਤਾਂ ਉਨ੍ਹਾਂ ਦੀ ਪ੍ਰਵੇਸ਼ਤਾ ਰਹੀ ਹੈ। ਇਸ ਵਕ਼ਤ ਤਾਂ ਗੱਲ ਹੀ ਨਾ ਪੁੱਛੋ। ਭਾਵੇਂ ਕੋਈ ਪਵਿੱਤਰ ਰਹਿੰਦੇ ਹਨ ਪਰੰਤੂ ਜਨਮ ਤਾਂ ਵਿਕਾਰ ਨਾਲ ਹੀ ਮਿਲਦਾ ਹੈ। ਭੂਤ ਤੇ ਹਨ ਨਾ। 5 ਭੂਤਾਂ ਨੇ ਭਾਰਤ ਨੂੰ ਬਿਲਕੁਲ ਹੀ ਕੰਗਾਲ ਕਰ ਦਿੱਤਾ ਹੈ। ਡਰਾਮਾ ਕਿਵੇਂ ਬਣਿਆ ਹੋਇਆ ਹੈ ਇਹ ਬਾਪ ਬੈਠ ਸਮਝਾਉਂਦੇ ਹਨ। ਭਾਰਤ ਕੰਗਾਲ ਬਣਿਆ ਹੈ, ਜੋ ਬਾਹਰ ਵਾਲਿਆਂ ਤੋਂ ਕਰਜ਼ਾ ਲੈਂਦੇ ਰਹਿੰਦੇ ਹਨ। ਭਾਰਤ ਦੇ ਲਈ ਹੀ ਬਾਪ ਸਮਝਾਉਂਦੇ ਹਨ, ਹੁਣ ਤੁਹਾਨੂੰ ਬੱਚਿਆਂ ਨੂੰ ਇਸ ਪੜ੍ਹਾਈ ਤੋਂ ਕਿੰਨਾ ਧਨ ਮਿਲਦਾ ਹੈ। ਇਹ ਅਵਿਨਾਸ਼ੀ ਪੜ੍ਹਾਈ ਹੈ ਜੋ ਅਵਿਨਾਸ਼ੀ ਬਾਪ ਪੜ੍ਹਾਉਂਦੇ ਹਨ। ਭਗਤੀ ਮਾਰਗ ਵਿੱਚ ਕਿੰਨੀਂ ਸਮੱਗਰੀ ਹੈ। ਬਾਬਾ ਛੋਟੇਪਨ ਤੋਂ ਗੀਤਾ ਪੜ੍ਹਦੇ ਸੀ ਅਤੇ ਨਾਰਾਇਣ ਦੀ ਪੂਜਾ ਕਰਦੇ ਸਨ। ਸਮਝ ਕੁੱਝ ਵੀ ਨਹੀਂ ਸੀ। ਮੈਂ ਆਤਮਾ ਹਾਂ, ਉਹ ਸਾਡਾ ਬਾਪ ਹੈ, ਇਹ ਵੀ ਸਮਝ ਨਹੀਂ ਸੀ ਇਸਲਈ ਪੁੱਛਦੇ ਹਨ ਕਿਵੇਂ ਯਾਦ ਕਰਾਂ? ਅਰੇ, ਤੁਸੀਂ ਤਾਂ ਭਗਤੀ ਮਾਰਗ ਵਿੱਚ ਯਾਦ ਕਰਦੇ ਆਏ ਹੋ - ਹੇ ਭਗਵਾਨ ਆਓ, ਲਿਬਰੇਟ ਕਰੋ, ਸਾਡਾ ਗਾਈਡ ਬਣੋ। ਗਾਈਡ ਮਿਲਦਾ ਹੈ ਮੁਕਤੀ , ਜੀਵਨ - ਮੁਕਤੀ ਦੇ ਲਈ। ਬਾਪ ਹੁਣ ਪੁਰਾਣੀ ਦੁਨੀਆਂ ਤੋਂ ਨਫ਼ਰਤ ਕਰਵਾਉਂਦੇ ਹਨ। ਇਸ ਵਕ਼ਤ ਸਭ ਦੀਆਂ ਆਤਮਾਵਾਂ ਕਾਲੀਆਂ ਹਨ, ਉਨ੍ਹਾਂ ਨੂੰ ਗੋਰਾ ਸ਼ਰੀਰ ਕਿਵੇਂ ਮਿਲੇਗਾ। ਭਾਵੇਂ ਕਰਕੇ ਚਮੜੀ ਕਿੰਨੀ ਵੀ ਸਫ਼ੇਦ ਹੈ, ਪਰ ਆਤਮਾ ਤੇ ਕਾਲੀ ਹੈ ਨਾ। ਜੋ ਸਫ਼ੇਦ ਖ਼ੂਬਸੂਰਤ ਸ਼ਰੀਰ ਵਾਲੇ ਹਨ ਉਨ੍ਹਾਂ ਨੂੰ ਆਪਣਾ ਨਸ਼ਾ ਕਿੰਨਾ ਰਹਿੰਦਾ ਹੈ। ਮਨੁੱਖਾਂ ਨੂੰ ਇਹ ਪਤਾ ਹੀ ਨਹੀਂ ਚਲਦਾ ਹੈ ਕਿ ਆਤਮਾ ਗੋਰੀ ਕਿਵੇਂ ਬਣਦੀ ਹੈ? ਇਸਲਈ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਨਾਸਤਿਕ। ਜੋ ਆਪਣੇ ਬਾਪ ਰਚਿਅਤਾ ਅਤੇ ਰਚਨਾ ਨੂੰ ਨਹੀਂ ਜਾਣਦੇ ਹਨ ਉਹ ਹਨ ਨਾਸਤਿਕ, ਜੋ ਜਾਣਦੇ ਹਨ ਉਹ ਹੋਏ ਆਸਤਿਕ। ਬਾਪ ਕਿੰਨਾ ਚੰਗੀ ਤਰ੍ਹਾਂ ਬੈਠ ਤੁਹਾਨੂੰ ਬੱਚਿਆਂ ਨੂੰ ਸਮਝਾਉਂਦੇ ਹਨ। ਹਰ ਇੱਕ ਆਪਣੇ ਦਿਲ ਤੋਂ ਪੁੱਛੇ - ਕਿਥੋਂ ਤੱਕ ਸਾਡੇ ਵਿੱਚ ਸਚਾਈ ਹੈ? ਕਿਥੋਂ ਤੱਕ ਅਸੀ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਦੇ ਹਾਂ। ਯਾਦ ਦੇ ਬਲ ਨਾਲ ਹੀ ਰਾਵਣ ਤੇ ਜਿੱਤ ਪਾਉਣੀ ਹੈ। ਇਸ ਵਿੱਚ ਸ਼ਰੀਰ ਦੇ ਬਲਵਾਨ ਹੋਣ ਦੀ ਗੱਲ ਹੀ ਨਹੀਂ ਹੈ। ਇਸ ਵਕ਼ਤ ਸਭਤੋਂ ਬਲਵਾਨ ਅਮਰੀਕਾ ਹੈ ਕਿਉਂਕਿ ਉਨ੍ਹਾਂ ਦੇ ਕੋਲ ਧਨ - ਦੌਲਤ ਬਾਰੂਦ ਆਦਿ ਬਹੁਤ ਹਨ ਤਾਂ ਬਲ ਹੋ ਗਿਆ ਜਿਸਮਾਨੀ, ਮਾਰਨ ਦੇ ਲਈ। ਬੁੱਧੀ ਵਿੱਚ ਹੈ ਅਸੀਂ ਜਿੱਤ ਪਾਈਏ। ਤੁਹਾਡਾ ਤਾਂ ਹੈ ਰੂਹਾਨੀ ਬਲ, ਤੁਸੀਂ ਜਿੱਤ ਪਾਉਂਦੇ ਹੋ ਰਾਵਣ ਤੇ। ਜਿਸ ਨਾਲ ਤੁਸੀਂ ਵਿਸ਼ਵ ਦੇ ਮਾਲਿਕ ਬਣ ਜਾਂਦੇ ਹੋ। ਤੁਹਾਡੇ ਤੇ ਕੋਈ ਜਿੱਤ ਪਾ ਨਹੀਂ ਸਕਦਾ। ਅਧਾਕਲਪ ਦੇ ਲਈ ਕੋਈ ਖੋਹ ਨਹੀਂ ਸਕਦਾ ਹੋਰ ਕਿਸੇ ਨੂੰ ਬਾਪ ਤੋਂ ਵਰਸਾ ਮਿਲਦਾ ਨਹੀਂ। ਤੁਸੀਂ ਕੀ ਬਣਦੇ ਹੋ ਥੋੜ੍ਹਾ ਵਿਚਾਰ ਕਰੋ। ਬਾਪ ਨੂੰ ਤਾਂ ਬਹੁਤ ਪਿਆਰ ਨਾਲ ਯਾਦ ਕਰਨਾ ਹੈ ਅਤੇ ਸਵਦਰਸ਼ਨ ਚਕ੍ਰਧਾਰੀ ਬਣਨਾ ਹੈ। ਉਹ ਸਮਝਦੇ ਹਨ ਸਵਦਰਸ਼ਨ ਚਕ੍ਰ ਨਾਲ ਵਿਸ਼ਨੂੰ ਨੇ ਸਾਰਿਆਂ ਦਾ ਸਿਰ ਕੱਟਿਆ ਹੈ। ਪਰ ਇਸ ਵਿੱਚ ਹਿੰਸਾ ਦੀ ਤਾਂ ਕੋਈ ਗੱਲ ਹੀ ਨਹੀਂ ਹੈ।

ਤਾਂ ਮਿੱਠੇ - ਮਿੱਠੇ ਬੱਚਿਆਂ ਨੂੰ ਬਾਪ ਕਹਿੰਦੇ ਹਨ - ਮਿੱਠੇ ਬੱਚੇ, ਤੁਸੀਂ ਕੀ ਸੀ, ਹੁਣ ਆਪਣੀ ਹਾਲਤ ਤੇ ਵੇਖੋ! ਭਾਵੇਂ ਤੁਸੀਂ ਕਿੰਨੀ ਵੀ ਭਗਤੀ ਆਦਿ ਕਰਦੇ ਸੀ ਪਰੰਤੂ ਭੂਤ ਕੱਢ ਨਹੀਂ ਸਕੇ। ਹੁਣ ਅੰਤਰਮੁੱਖੀ ਹੋਕੇ ਵੇਖੋ ਸਾਡੇ ਵਿੱਚ ਕੋਈ ਭੂਤ ਤੇ ਨਹੀਂ ਹੈ? ਕੋਈ ਨਾਲ ਦਿਲ ਲਗਾਇਆ, ਭਾਕੀ ਪਾਈ ਤਾਂ ਸਮਝੋ ਝੱਟ ਖਾਤੇ ਵਿੱਚ ਗਿਆ। ਉਨ੍ਹਾਂ ਦਾ ਤੇ ਮੂੰਹ ਵੇਖਣਾ ਵੀ ਚੰਗਾ ਨਹੀਂ ਲਗਦਾ। ਉਹ ਤਾਂ ਜਿਵੇਂ ਅਛੂਤ ਹਨ, ਸਵੱਛ ਨਹੀਂ ਹਨ। ਅੰਦਰੋਂ ਦਿਲ ਖਾਂਦਾ ਹੈ ਬਰੋਬਰ ਮੈਂ ਅਛੂਤ ਹਾਂ। ਬਾਪ ਕਹਿੰਦੇ ਹਨ ਦੇਹ ਸਹਿਤ ਸਭ ਕੁੱਝ ਭੁੱਲੋ, ਆਪਣੇ ਨੂੰ

ਆਤਮਾ ਸਮਝੋ, ਇਹ ਅਵਸਥਾ ਰੱਖਣ ਨਾਲ ਹੀ ਤੁਸੀਂ ਦੇਵਤਾ ਬਣੋਗੇ। ਤਾਂ ਕੋਈ ਵੀ ਭੂਤ ਨਹੀਂ ਆਉਣਾ ਚਾਹੀਦਾ। ਸਮਝਾਉਂਦੇ ਰਹਿੰਦੇ ਹਨ ਆਪਣੀ ਜਾਂਚ ਕਰੋ। ਬਹੁਤਿਆਂ ਵਿੱਚ ਗੁੱਸਾ ਹੈ ਗਾਲੀ ਦਿੱਤੇ ਬਿਨਾਂ ਰਹਿੰਦੇ ਨਹੀਂ ਹਨ, ਫਿਰ ਲੜਾਈ ਹੋ ਜਾਂਦੀ ਹੈ। ਕ੍ਰੋਧ ਤਾਂ ਬਹੁਤ ਖ਼ਰਾਬ ਹੈ। ਭੂਤਾਂ ਨੂੰ ਕੱਢ ਇੱਕਦਮ ਕਲੀਅਰ ਹੋਣਾ ਹੈ। ਸ਼ਰੀਰ ਯਾਦ ਵੀ ਨਾ ਆਏ ਤਾਂ ਉੱਚ ਪਦਵੀ ਪਾ ਸਕਦੇ ਹਾਂ ਇਸਲਈ 8 ਰਤਨ ਗਾਏ ਜਾਂਦੇ ਹਨ। ਤੁਹਾਨੂੰ ਗਿਆਨ ਰਤਨ ਮਿਲਦੇ ਹਨ ਰਤਨ ਬਣਨ ਦੇ ਲਈ। ਕਹਿੰਦੇ ਹਨ ਭਾਰਤ ਵਿੱਚ 33 ਕਰੋੜ ਦੇਵਤੇ ਸਨ, ਪਰ ਉਨ੍ਹਾਂ ਵਿਚੋਂ ਵੀ 8 ਰਤਨ ਪਾਸ ਹੋਣਗੇ। ਉਨ੍ਹਾਂ ਨੂੰ ਹੀ ਇਨਾਮ ਮਿਲੇਗਾ। ਜਿਵੇਂ ਸਕਾਲਰਸ਼ਿਪ ਮਿਲਦੀ ਹੈ ਨਾ। ਤੁਸੀਂ ਜਾਣਦੇ ਹੋ ਮੰਜ਼ਿਲ ਬਹੁਤ ਵੱਡੀ ਹੈ। ਚਲਦੇ - ਚਲਦੇ ਡਿੱਗ ਜਾਂਦੇ ਹਨ, ਭੂਤ ਦੀ ਪ੍ਰਵੇਸ਼ਤਾ ਹੋ ਜਾਂਦੀ ਹੈ। ਉੱਥੇ ਵਿਕਾਰ ਹੁੰਦਾ ਹੀ ਨਹੀਂ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਸਾਰੇ ਡਰਾਮੇ ਦਾ ਚਕ੍ਰ ਫਿਰਣਾ ਚਾਹੀਦਾ ਹੈ।

ਤੁਸੀਂ ਜਾਣਦੇ ਹੋ 5 ਹਜ਼ਾਰ ਵਰ੍ਹਿਆਂ ਵਿੱਚ ਕਿੰਨੇ ਮਹੀਨੇ, ਕਿੰਨੇ ਘੰਟੇ, ਕਿੰਨੇ ਸੈਕਿੰਡ ਹੁੰਦੇ ਹਨ। ਕੋਈ ਹਿਸਾਬ ਕੱਢੇ ਤਾਂ ਨਿਕਲ ਸਕਦਾ ਹੈ। ਫ਼ਿਰ ਇਹ ਜੋ ਝਾੜ ਹੈ ਉਸ ਵਿੱਚ ਵੀ ਇਹ ਲਿਖ ਦੇਣਗੇ ਕਿ ਕਲਪ ਵਿੱਚ ਇੰਨੇ ਵਰ੍ਹੇ, ਇੰਨੇ ਮਹੀਨੇ, ਇੰਨੇ ਦਿਨ, ਇੰਨੇ ਘੰਟੇ, ਇੰਨੇ ਸੈਕਿੰਡ ਹੁੰਦੇ ਹਨ। ਮਨੁੱਖ ਕਹਿਣਗੇ ਇਹ ਤਾਂ ਬਿਲਕੁੱਲ ਅਕੂਰੇਟ ਦੱਸਦੇ ਹਨ। 84 ਜਨਮਾਂ ਦਾ ਹਿਸਾਬ ਦੱਸਦੇ ਹਨ। ਤਾਂ ਕਲਪ ਦੀ ਉੱਮਰ ਕਿਓਂ ਨਹੀਂ ਦੱਸਣਗੇ। ਬੱਚਿਆਂ ਨੂੰ ਮੁੱਖ ਗੱਲ ਤਾਂ ਦੱਸੀ ਹੈ ਕਿ ਕਿਵੇਂ ਵੀ ਕਰਕੇ ਭੂਤਾਂ ਨੂੰ ਭਜਾਉਨਾ ਹੈ। ਇੰਨ੍ਹਾਂ ਭੂਤਾਂ ਨੇ ਤੁਹਾਡੀ ਬਿਲਕੁੱਲ ਸਤਿਆਨਾਸ਼ ਕਰ ਦਿੱਤੀ ਹੈ। ਸਾਰੇ ਮਨੁੱਖਾਂ ਮਾਤਰ ਵਿੱਚ 5 ਭੂਤ ਜ਼ਰੂਰ ਹਨ। ਹੈ ਹੀ ਭ੍ਰਿਸ਼ਟਾਚਾਰ ਦੀ ਪੈਦਾਇਸ਼। ਉੱਥੇ ਭ੍ਰਿਸ਼ਟਾਚਾਰ ਹੁੰਦਾ ਨਹੀਂ। ਰਾਵਣ ਹੀ ਨਹੀਂ ਹੈ। ਰਾਵਣ ਨੂੰ ਵੀ ਕਈ ਸਮਝਦੇ ਨਹੀਂ ਹਨ। ਤੁਸੀਂ ਰਾਵਣ ਤੇ ਜਿੱਤ ਪਾਉਂਦੇ ਹੋ ਫਿਰ ਰਾਵਣ ਹੋਵੇਗਾ ਹੀ ਨਹੀਂ। ਹਾਲੇ ਪੁਰਸ਼ਾਰਥ ਕਰੋ। ਬਾਪ ਆਏ ਹਨ ਤਾਂ ਬਾਪ ਦਾ ਵਰਸਾ ਜਰੂਰ ਮਿਲਣਾ ਚਾਹੀਦਾ ਹੈ। ਤੁਸੀਂ ਕਿੰਨੀ ਵਾਰ ਦੇਵਤਾ ਬਣਦੇ ਹੋ। ਕਿੰਨੀ ਵਾਰੀ ਅਸੁਰ ਬਣਦੇ ਹੋ, ਉਸਦਾ ਹਿਸਾਬ ਨਹੀਂ ਕੱਢ ਸਕਦੇ। ਅਣਗਿਣਤ ਵਾਰੀ ਬਣੇ ਹੋਵੋਗੇ। ਅੱਛਾ ਬੱਚੇ, ਸ਼ਾਂਤੀ ਵਿੱਚ ਰਹੋ ਤਾਂ ਕਦੇ ਕ੍ਰੋਧ ਨਹੀਂ ਆਵੇਗਾ। ਬਾਪ ਜੋ ਸਿੱਖਿਆ ਦਿੰਦੇ ਹਨ, ਉਸ ਤੇ ਅਮਲ ਕਰਨਾ ਚਾਹੀਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਆਪ ਤੋਂ ਪੁੱਛਣਾ ਹੈ - ਸਾਡੇ ਵਿੱਚ ਕੋਈ ਵੀ ਭੂਤ ਤੇ ਨਹੀਂ ਹੈ? ਅੱਖਾਂ ਕ੍ਰਿਮੀਨਲ ਤਾਂ ਨਹੀ ਹੁੰਦੀਆਂ ਹਨ? ਜ਼ੋਰ ਨਾਲ ਬੋਲਣ ਜਾਂ ਅਸ਼ਾਂਤੀ ਫੈਲਾਉਣ ਦਾ ਸੰਸਕਾਰ ਤੇ ਨਹੀਂ ਹੈ? ਲੋਭ - ਮੋਹ ਦਾ ਸੰਸਕਾਰ ਸਤਾਉਂਦਾ ਤਾਂ ਨਹੀਂ ਹੈ?

2. ਕਿਸੇ ਵੀ ਦੇਹਧਾਰੀ ਨਾਲ ਦਿਲ ਨਹੀਂ ਲਗਾਉਣਾ ਹੈ। ਦੇਹ ਸਹਿਤ ਸਭ ਕੁਝ ਭੁੱਲ ਯਾਦ ਦੀ ਯਾਤਰਾ ਨਾਲ ਆਪਣੇ ਵਿੱਚ ਰੂਹਾਨੀ ਤਾਕਤ ਭਰਨੀ ਹੈ। ਇੱਕ ਵਾਰੀ ਭੂਤਾਂ ਨੂੰ ਭਜਾਕੇ ਅਧਾਕਲਪ ਲਈ ਛੁਟਕਾਰਾ ਪਾਉਣਾ ਹੈ।

ਵਰਦਾਨ:- ਈਸ਼ਵਰੀ ਵਿਧਾਨ ਨੂੰ ਸਮਝ ਵਿਧੀ ਤੋਂ ਸਿੱਧੀ ਪ੍ਰਾਪਤ ਕਰਨ ਵਾਲੇ ਫਸਟ ਡਵੀਜ਼ਨ ਦੇ ਅਧਿਕਾਰੀ ਭਵ।

ਇੱਕ ਕਦਮ ਦੀ ਹਿੰਮਤ ਤੋਂ ਪਦਮ - ਪਦਮਾਂ ਦੀ ਮਦਦ, ਡਰਾਮੇ ਵਿਚ ਇਸ ਵਿਧਾਨ ਦੀ ਵਿਧੀ ਨੂੰਧੀ ਹੋਈ ਹੈ। ਜੇਕਰ ਇਹ ਵਿਧੀ, ਵਿਧਾਨ ਵਿਚ ਨਹੀਂ ਹੁੰਦੀ ਤਾਂ ਵਿਸ਼ਵ ਦੇ ਪਹਿਲੇ ਰਾਜੇ ਬਣ ਜਾਂਦੇ। ਨੰਬਰਵਾਰ ਬਣਨ ਦਾ ਵਿਧਾਨ ਵੀ ਇਸੇ ਵਿਧੀ ਦੇ ਕਾਰਣ ਹੀ ਬਣਦਾ ਹੈ। ਤਾਂ ਜਿਨਾਂ ਚਾਹੋ ਹਿੰਮਤ ਰੱਖੋ ਅਤੇ ਮਦਦ ਲਵੋ। ਭਾਵੇਂ ਸਰੈਂਡਰ ਹੋ ਭਾਵੇਂ ਪ੍ਰਵਿਰਤੀ ਵਾਲੇ ਹੋ - ਅਧਿਕਾਰ ਸਮਾਨ ਹੈ ਪਰ ਵਿਧੀ ਨਾਲ ਸਿੱਧੀ ਹੈ। ਇਸ ਈਸ਼ਵਰੀ ਵਿਧਾਨ ਨੂੰ ਸਮਝ ਅਲਬੇਲੇਪਨ ਦੀ ਲੀਲਾ ਨੂੰ ਖਤਮ ਕਰੋ ਤਾਂ ਫਸਟ ਡਵੀਜ਼ਨ ਦਾ ਅਧਿਕਾਰ ਮਿਲ ਜਾਵੇਗਾ।

ਸਲੋਗਨ:- ਸੰਕਲਪ ਦੇ ਖਜਾਨੇ ਦੇ ਪ੍ਰਤੀ ਏਕਾਨਾਮੀ ਦੇ ਅਵਤਾਰ ਬਣੋ।

******